





ਰਿਸ਼ਭ ਪੰਤ ਨੂੰ ਆਊਟ ਕਰਨ ਤੋਂ ਬਾਅਦ ਖੁਸ਼ੀ ਮਨਾਉਂਦੇ ਹੋਏ ਆਸਟ੍ਰੇਲੀਆ ਦੇ ਖਿਡਾਰੀ

## ਐਡੀਲੇਡ ਟੈਸਟ — ਆਸਟ੍ਰੇਲੀਆ ਨੇ ਭਾਰਤ ਨੂੰ 10 ਵਿਕਟਾਂ ਨਾਲ ਹਰਾਇਆ, ਲੜੀ 1-1 ਨਾਲ ਬਰਾਬਰ

ਐਡੀਲੇਡ, 8 ਦਸੰਬਰ (ਪੀ. ਟੀ. ਆਈ.)-ਆਸਟ੍ਰੇਲੀਆ ਨੇ ਐਡੀਲੇਡ 'ਚ ਗੁਲਾਬੀ ਗੇਂਦ ਟੈਸਟ 'ਚ ਆਪਣਾ ਬੇਦਾਗ਼ ਰਿਕਾਰਡ ਕਾਇਮ ਰੱਖਦੇ ਹੋਏ ਭਾਰਤ ਨੂੰ 10 ਵਿਕਟਾਂ ਨਾਲ ਹਰਾ ਕੇ 5 ਟੈਸਟ ਮੈਚਾਂ ਦੀ ਲੜੀ ਸਿਰਫ਼ ਢਾਈ ਦਿਨਾਂ 'ਚ ਹੀ 1-1 ਨਾਲ ਬਰਾਬਰ ਕਰ ਲਈ। ਜਾਣਕਾਰੀ ਅਨੁਸਾਰ ਟੀਮ ਇੰਡੀਆ ਨੂੰ ਐਡਿਲੇਡ ਟੈਸਟ 'ਚ ਆਸਟ੍ਰੇਲੀਆ ਖਿਲਾਫ 10 ਵਿਕਟਾਂ ਦੀ ਕਰਾਰੀ ਹਾਰ ਝੱਲਣੀ ਪਈ। ਗੁਲਾਬੀ ਗੇਂਦ ਨਾਲ ਖੇਡੇ ਗਏ ਇਸ ਡੇ-ਨਾਈਟ ਟੈਸਟ 'ਚ ਭਾਰਤੀ ਟੀਮ ਬੱਲੇਬਾਜ਼ੀ-ਗੇਂਦਬਾਜ਼ੀ-ਫੀਲਡਿੰਗ ਤਿੰਨਾਂ 'ਚ ਹੀ ਅਲੱਗ-ਥਲੱਗ ਦਿਖਾਈ ਦੇ ਰਹੀ ਸੀ। ਢਾਈ ਦਿਨ ਤੱਕ ਚਲੇ ਮੁਕਾਬਲੇ 'ਚ ਭਾਰਤ ਨੇ ਆਪਣੀਆਂ 20 ਵਿਕਟਾਂ ਮਹਜ 81 ਓਵਰਾਂ 'ਚ ਗੁਆ ਦਿੱਤੀਆਂ। ਭਾਰਤ ਨੇ ਦੋਵਾਂ ਪਾਰੀਆਂ 'ਚ ਮਿਲਾ ਕੇ 355 ਦੌੜਾਂ ਬਣਾਈਆਂ ਜਦਕਿ ਕੰਗਾਰੂ ਟੀਮ ਨੇ ਪਹਿਲੀ ਪਾਰੀ 'ਚ ਹੀ 337 ਦੌੜਾਂ ਬਣਾ ਲਈਆਂ। ਮੇਜ਼ਬਾਨਾਂ ਨੇ ਮਹਿਜ 10 ਵਿਕਟਾਂ ਗਵਾਈਆਂ। ਦੂਜੀ ਪਾਰੀ 'ਚ ਭਾਰਤੀ ਟੀਮ ਦੀ 30 ਤੋਂ ਜ਼ਿਆਦਾ ਦੌੜਾਂ ਦੀ ਸਾਂਝੇਦਾਰੀ ਨਹੀਂ ਹੋ ਸਕੀ, ਜੋ ਹਾਰ ਦਾ ਸਭ ਤੋਂ ਵੱਡਾ ਕਾਰਨ ਰਹੀ। ਗੇਂਦਬਾਜ਼ੀ ਦੇ ਮਾਮਲੇ 'ਚ ਭਾਰਤ ਤੇ ਆਸਟ੍ਰੇਲੀਆ ਵਿਚਾਲੇ ਇਹ ਹੁਣ ਤੱਕ ਦਾ ਸਭ ਤੋਂ ਛੋਟਾ ਟੈਸਟ ਸੀ। 5 ਵਿਕਟਾਂ 'ਤੇ 128 ਦੌੜਾਂ 'ਤੇ ਦਿਨ ਦੀ ਸ਼ੁਰੂਆਤ ਕਰਦੇ ਹੋਏ ਨਿਤਿਸ਼ ਕੁਮਾਰ ਰੈੱਡੀ ਦੀਆਂ 42 ਦੌੜਾਂ ਦੇ ਯੋਗਦਾਨ ਦੇ ਬਾਵਜੂਦ ਭਾਰਤ 175 ਦੌੜਾਂ 'ਤੇ ਆਊਟ ਹੋ ਗਿਆ। ਭਾਰਤ ਦੀ ਦੂਜੀ ਪਾਰੀ ਸਿਰਫ 36.5 ਓਵਰਾਂ ਤੱਕ ਚੱਲੀ, ਕਪਤਾਨ ਪੈਟ ਕਮਿੰਸ ਨੇ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਰਟ ਗੇਂਦ ਦੀ ਵਰਤੋਂ ਕਰਦੇ ਹੋਏ 57 ਦੌੜਾਂ 'ਤੇ 5 ਵਿਕਟਾਂ ਹਾਸਲ ਕੀਤੀਆਂ। ਸਕਾਟ ਬੋਲੈਂਡ (3/51) ਨੇ ਸ਼ੁਰੂਆਤੀ ਨੁਕਸਾਨ ਪਹੁੰਚਾਇਆ ਜਦਕਿ ਮਿਸ਼ੇਲ ਸਟਾਰਕ (2/60) ਨੇ ਮਹੱਤਵਪੂਰਨ ਵਿਕਟਾਂ ਲਈਆਂ। ਤਿੰਨ ਪ੍ਰਮੁੱਖ ਤੇਜ਼ ਗੇਂਦਬਾਜ਼ਾਂ ਦਾ ਅਜਿਹਾ ਦਬਦਬਾ ਸੀ ਕਿ ਕਮਿੰਸ ਨੂੰ ਦੂਜੀ ਪਾਰੀ 'ਚ ਮਿਸ਼ੇਲ ਮਾਰਸ਼ ਤੇ ਨਾਥਨ ਲਿਓਨ ਦੀ ਵੀ ਲੋੜ ਨਹੀਂ ਸੀ। ਅਸਲ 'ਚ ਮਾਹਿਰ ਸਪਿੰਨਰ ਤੇ ਆਲਰਾਊਂਡਰ ਨੇ ਪੂਰੀ ਖੇਡ 'ਚ ਸਿਰਫ 5 ਓਵਰਾਂ ਦੀ ਗੇਂਦਬਾਜ਼ੀ ਕੀਤੀ।

## ਫ਼ਿਲਮ ਨਿਰਮਾਤਾ ਸੁਭਾਸ਼ ਘਈ ਹਸਪਤਾਲ ਦਾਖ਼ਲ

ਮੁੰਬਈ, 8 ਦਸੰਬਰ (ਪੀ. ਟੀ. ਆਈ.)-ਫਿਲਮ ਨਿਰਮਾਤਾ ਸੁਭਾਸ਼ ਘਈ ਮੁੰਬਈ ਦੇ ਲੀਲਾਵਤੀ ਹਸਪਤਾਲ 'ਚ ਦਾਖ਼ਲ ਹਨ, ਜਿਥੇ ਉਨ੍ਹਾਂ ਦੀ ਹਾਲਤ ਠੀਕ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ 'ਰਾਮ ਲਖਨ', 'ਖਲਨਾਇਕ', 'ਪਰਦੇਸ' ਅਤੇ 'ਤਾਲ' ਵਰਗੀਆਂ ਫਿਲਮਾਂ ਲਈ ਜਾਣੇ ਜਾਂਦੇ ਸੁਭਾਸ਼ ਘਈ ਨੂੰ ਸਾਹ ਦੀ ਸਮੱਸਿਆ, ਕਮਜ਼ੋਰੀ, ਵਾਰ-ਵਾਰ ਚੱਕਰ ਆਉਣਾ, ਯਾਦਦਾਸ਼ਤ ਦੀ ਕਮੀ ਅਤੇ ਬੋਲਣ 'ਚ ਮੁਸ਼ਕਲ ਅਨੁਭਵ ਕਰਨ ਦੇ ਬਾਅਦ ਹਸਪਤਾਲ ਲਿਜਾਇਆ ਗਿਆ। ਫਿਲਮ ਨਿਰਮਾਤਾ ਨੇ ਐਕਸ 'ਤੇ ਪੋਸਟ ਕਰਦੇ ਹੋਏ ਪ੍ਰਸ਼ੰਸ਼ਕਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਬਹੁਤ ਖ਼ੁਸ਼ਕਿਸਮਤ ਮਹਿਸੂਸ ਕਰਦੇ ਹਨ ਕਿ ਬਹੁਤ ਸਾਰੇ ਦੋਸਤ ਉਨ੍ਹਾਂ ਦੀ ਸਿਹਤ ਲਈ ਆਪਣੇ ਪਿਆਰ ਅਤੇ ਸਨੇਹ ਦਾ ਪ੍ਰਗਟਾਵਾ ਕਰ ਰਹੇ ਹਨ। ਜਲਦੀ ਹੀ ਮਿਲਣ ਦੀ ਗੱਲ ਆਖਦੇ ਹੋਏ ਉਨ੍ਹਾਂ ਕਿਹਾ ਕਿ ਸਭ ਠੀਕ ਹੈ।





ਕੁਪਵਾੜਾ ਵਿਖੇ ਤਾਜ਼ਾ ਬਰਫ਼ਬਾਰੀ ਦਾ ਦ੍ਰਿਸ਼।




ਸਿੰਗਾਪੁਰ ਵਿਖੇ ਡੀ. ਗੁਕੇਸ਼ ਚਾਲ ਚੱਲਦਾ ਹੋਇਆ।

## ਅੰਡਰ-19 ਏਸ਼ੀਆ ਕੱਪ ਦੇ ਫਾਈਨਲ 'ਚ ਹਾਰਿਆ ਭਾਰਤ

### ਬੰਗਲਾਦੇਸ਼ ਨੇ 59 ਦੌੜਾਂ ਨਾਲ ਜਿੱਤਿਆ ਖ਼ਿਤਾਬ

ਦੁਬਈ, 8 ਦਸੰਬਰ (ਏਜੰਸੀ)-ਘੱਟ ਸਕੋਰ ਵਾਲੇ ਅੰਡਰ-19 ਏਸ਼ੀਆ ਕੱਪ ਖਿਤਾਬੀ ਮੁਕਾਬਲੇ 'ਚ ਭਾਰਤ ਨੂੰ ਬੰਗਲਾਦੇਸ਼ ਹੱਥੋਂ 59 ਦੌੜਾਂ ਦੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਪਾਕਿਸਤਾਨ ਤੋਂ ਟੂਰਨਾਮੈਂਟ ਦੇ ਸ਼ੁਰੂਆਤੀ ਮੈਚ 'ਚ ਹਾਰ ਦੇ ਬਾਵਜੂਦ ਫਾਈਨਲ 'ਚ ਪੁੱਜਣ ਵਾਲੀ ਭਾਰਤੀ ਟੀਮ ਨੇ 49.1 ਓਵਰਾਂ 'ਚ ਬੰਗਲਾਦੇਸ਼ ਨੂੰ ਸਿਰਫ਼ 198 ਦੌੜਾਂ 'ਤੇ ਸਮੇਟ ਦਿੱਤਾ। ਹਾਲਾਂਕਿ ਇਹ ਸਮਝਿਆ ਜਾ ਰਿਹਾ ਸੀ ਕਿ ਭਾਰਤੀ ਟੀਮ ਨੇ ਖਿਤਾਬ ਹਾਸਲ ਕਰਨ ਲਈ ਅੱਧਾ ਕੰਮ ਕਰ ਲਿਆ ਹੈ, ਪਰ 199 ਦੌੜਾਂ ਦੇ ਟੀਚੇ ਦਾ ਪਿੱਛਾ ਕਰਮਨ ਉਤਰੀ ਟੀਮ ਨੇ ਸ਼ੁਰੂਆਤ 'ਚ ਹੀ ਦੋ ਵਿਕਟਾਂ ਗੁਆ ਲਈਆਂ। ਬੰਗਲਾਦੇਸ਼ ਦੇ ਗੇਂਦਬਾਜ਼ਾਂ ਤੇ ਫੀਲਡਰਾਂ ਨੇ ਹੋਰ ਦਬਾਅ ਬਣਾਉਣ 'ਚ ਆਪਣੀ ਭੂਮਿਕਾ ਵਧੀਆ ਢੰਗ ਨਾਲ ਨਿਭਾਈ। 199 ਦੌੜਾਂ ਦਾ ਪਿੱਛਾ ਕਰਦੇ ਹੋਏ ਭਾਰਤ 35.2 ਓਵਰਾਂ 'ਚ 139 ਦੌੜਾਂ 'ਤੇ ਆਲ ਆਊਟ ਹੋ ਗਿਆ ਕਿਉਂਕਿ ਉਨ੍ਹਾਂ ਦਾ ਕੋਈ ਵੀ ਮਾਹਰ ਬੱਲੇਬਾਜ਼ ਪ੍ਰਭਾਵੀ ਪਾਰੀ ਨਹੀਂ ਖੇਡ ਸਕਿਆ, ਜਿਸ 'ਚ ਸਭ ਤੋਂ ਘੱਟ ਉਮਰ ਦੇ ਆਈ.ਪੀ.ਐਲ. ਸਟਾਰ ਵੈਭਵ ਸੂਰਜਵੰਸ਼ੀ ਨੇ ਸਿਰਫ਼ 9 (7 ਗੇਂਦਾਂ, 2 ਚੌਕੇ) ਹੀ ਬਣਾਏ। ਭਾਰਤ ਨੂੰ ਸੂਰਿਆਵੰਸ਼ੀ ਤੇ ਆਯੂਸ਼ ਮਹਾਤਰੇ (1) ਦੇ ਰੂਪ 'ਚ ਸ਼ੁਰੂਆਤੀ ਝਟਕਿਆਂ ਦਾ ਸਾਹਮਣਾ ਕਰਨਾ ਪਿਆ ਤੇ 5 ਓਵਰਾਂ 'ਚ 24 ਦੌੜਾਂ 'ਤੇ ਹੀ 2 ਵਿਕਟਾਂ ਗੁਆਉਣੀਆਂ ਪਈਆਂ। ਬਣਾਈਆਂ।

## 'ਪੁਸ਼ਪਾ 2' ਨੇ ਕੀਤਾ 600 ਕਰੋੜ ਦਾ ਅੰਕੜਾ ਪਾਰ

ਨਵੀਂ ਦਿੱਲੀ, 8 ਦਸੰਬਰ (ਪੀ. ਟੀ. ਆਈ.)-ਤੇਲਗੂ ਸਟਾਰ ਅੱਲੂ ਅਰਜੁਨ ਦੀ ਫਿਲਮ 'ਪੁਸ਼ਪਾ 2: ਦ ਰੂਲ' ਨੇ ਸਿਨੇਮਾਘਰਾਂ 'ਚ ਇਤਿਹਾਸਕ ਅਤੇ ਰਿਕਾਰਡ ਤੋੜ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਵਿਸ਼ਵ ਭਰ 'ਚ 600 ਕਰੋੜ ਰੁਪਏ ਦਾ ਅੰਕੜਾ ਪਾਰ ਕਰ ਲਿਆ ਹੈ। ਇਸ ਦੇ ਪ੍ਰੋਡਕਸ਼ਨ ਬੈਨਰ ਮਿਥਰੀ ਮੂਵੀ ਮੇਕਰਸ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੇ ਬਾਕਸ ਆਫਿਸ ਦੇ ਤਾਜ਼ਾ ਅੰਕੜੇ ਸਾਂਝੇ ਕਰਦਿਆਂ ਕਿਹਾ ਕਿ 'ਪੁਸ਼ਪਾ 2' ਨੇ ਸਿਰਫ 3 ਦਿਨਾਂ 'ਚ 621 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਜ਼ਿਕਰਯੋਗ ਹੈ ਕਿ ਪੁਸ਼ਪਾ ਫ਼ਿਲਮ ਦੇ ਦੂਜੇ ਸੰਸਕਰਣ ਨੇ ਵੀਰਵਾਰ ਨੂੰ ਪਹਿਲੇ ਦਿਨ 294 ਕਰੋੜ ਰੁਪਏ ਦੀ ਰਿਕਾਰਡ ਤੋੜ ਕਮਾਈ ਕੀਤੀ ਸੀ।



ਮੁੰਬਈ ਵਿਖੇ ਸਚਿਨ ਤੇਂਦੁਲਕਰ ਨੂੰ ਆਪਣੇ ਵਿਆਹ ਦਾ ਕਾਰਡ ਦੇਣ ਪੁੱਜੇ ਬੈਡਮਿੰਟਨ ਖਿਡਾਰਣ ਪੀ.ਵੀ. ਸਿੰਧੂ ਤੇ ਵੈਂਕਟਾ ਦੱਤਾ ਸਾਈ।

## ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ

## ਗੁਕੇਸ਼ ਨੇ 11ਵੀਂ ਬਾਜ਼ੀ ਜਿੱਤ ਕੇ ਬੜ੍ਹਤ ਬਣਾਈ

ਸਿੰਗਾਪੁਰ, 8 ਦਸੰਬਰ (ਏਜੰਸੀ)-ਭਾਰਤੀ ਗਰੈਂਡਮਾਸਟਰ ਡੀ. ਗੁਕੇਸ਼ ਨੇ ਸਫੈਦ ਮੋਹਰਿਆਂ ਨਾਲ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਐਤਵਾਰ ਨੂੰ ਇਥੇ ਵਿਸ਼ਵ ਸ਼ਤਰੰਜ ਚੈਂਪਿਅਨਸ਼ਿਪ ਦੇ 11ਵੇਂ ਦੌਰ 'ਚ ਮੌਜੂਦਾ ਚੈਂਪੀਅਨ ਚੀਨ ਦੇ ਡਿੰਗ ਲੀਰੇਨ ਨੂੰ ਹਰਾ ਕੇ ਇਕ ਅੰਕ ਦੀ ਬੜ੍ਹਤ ਲੈ ਲਈ ਹੈ। ਕਲਾਸਿਕਲ ਫਾਰਮੈਟ 'ਚ ਖੇਡੀ ਜਾ ਰਹੀ ਹੈ ਇਸ 14 ਟੂਰ ਦੇ ਮੁਕਾਬਲਿਆਂ 'ਚ ਹੁਣ ਸਿਰਫ ਤਿੰਨ ਬਾਜ਼ੀਆਂ ਬਾਕੀ ਹਨ। ਭਾਰਤੀ ਖਿਡਾਰੀ ਦੇ ਇਸ ਜਿੱਤ ਨਾਲ 6 ਅੰਕ ਹੋ ਗਏ ਹਨ, ਜਦਕਿ ਚੀਨ ਦੇ ਖਿਡਾਰੀ ਦੇ 5 ਅੰਕ ਹਨ ਤੇ ਜੋ ਵੀ ਖਿਡਾਰੀ ਸਭ ਤੋਂ ਪਹਿਲਾਂ 7.5 ਅੰਕ ਹਾਸਲ ਕਰੇਗਾ, ਉਹ ਵਿਸ਼ਵ ਚੈਂਪੀਅਨਸ਼ਿਪ ਦਾ ਜੇਤੂ ਬਣ ਜਾਵੇਗਾ। ਇਸ ਤਰ੍ਹਾਂ ਇਹ ਜਿੱਤ 18 ਸਾਲਾ ਗੁਕੇਸ਼ ਲਈ ਮਹੱਤਵਪੂਰਨ ਸਾਬਤ ਹੋਵੇਗੀ। ਗੁਕੇਸ਼ ਤੇ ਲੀਰੇਨ ਦੋਵਾਂ 'ਤੇ ਸਮੇਂ ਦਾ ਦਬਾਅ ਸੀ। ਚੀਨੀ ਖਿਡਾਰੀ ਨੇ ਇਸ ਦਬਾਅ 'ਚ ਗਲਤੀਆਂ ਕੀਤੀਆਂ, ਜਿਸ ਦੀ ਮਦਦ ਨਾਲ ਗੁਕੇਸ਼ ਨੇ ਮੁਕਾਬਲੇ 'ਚ ਆਪਣੀ ਦੂਜੀ ਜਿੱਤ ਹਾਸਲ ਕੀਤੀ।

ਗੁਕੇਸ਼ ਦੀ ਜਿੱਤ ਲਗਾਤਾਰ 7 ਤੇ ਕੁੱਲ ਮਿਲਾ ਕੇ 8 ਡਰਾਅ ਦੇ ਬਾਅਦ ਆਈ ਹੈ। ਲੀਰੇਨ ਨੇ ਇਸ ਮੁਕਾਬਲੇ 'ਚ ਸ਼ੁਰੂਆਤੀ ਜਿੱਤ ਨਾਲ ਬੜ੍ਹਤ ਬਣਾਈ ਸੀ ਪਰ ਗੁਕੇਸ਼ ਨੇ ਤੀਜੀ ਬਾਜ਼ੀ ਜਿੱਤ ਕੇ ਮੁਕਾਬਲੇ ਨੂੰ ਬਰਾਬਰੀ 'ਤੇ ਲਿਆ ਦਿੱਤਾ। ਇਸ ਤੋਂ ਬਾਅਦ ਖਿਡਾਰੀਆਂ ਵਿਚਕਾਰ ਲਗਾਤਾਰ 7 ਬਾਜ਼ੀਆਂ ਡਰਾਅ ਰਹੀਆਂ ਸਨ।



ਮੁੰਬਈ 'ਚ ਆਪਣੇ 89ਵੇਂ ਜਨਮ ਦਿਨ ਮੌਕੇ ਪੁੱਤਰਾਂ ਸੰਨੀ ਦਿਓਲ ਤੇ ਬੌਬੀ ਦਿਓਲ ਨਾਲ ਬਾਲੀਵੁੱਡ ਅਦਾਕਾਰ ਧਰਮਿੰਦਰ।

## ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੀ ਯਾਦ 'ਚ ਖ਼ੂਨਦਾਨ ਕੈਂਪ

*ਟੋਰਾਂਟੋ, 8 ਦਸੰਬਰ (ਹਰਜੀਤ ਸਿੰਘ ਬਾਜਵਾ)-ਸਿੱਖ ਨੇਸ਼ਨ ਸੰਸਥਾ ਵਲੋਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੀ ਯਾਦ 'ਚ ਇਥੇ ਅਲੱਗ-ਅਲੱਗ ਥਾਵਾਂ 'ਤੇ ਖ਼ੂਨਦਾਨ ਕੈਂਪ ਲਾਏ ਗਏ। ਸੰਸਥਾ ਦੇ ਮੈਂਬਰਾਂ ਦਾ ਕਹਿਣਾ ਸੀ ਕਿ ਇਹ ਖ਼ੂਨਦਾਨ ਕੈਂਪ ਸੈਂਕੜੇ ਲੋਕਾਂ ਦੀ ਜ਼ਿੰਦਗੀ ਬਚਾਉਣ ਲਈ ਸਹਾਈ ਸਿੱਧ ਹੁੰਦੇ ਹਨ। ਉਨ੍ਹਾਂ ਦਾ ਹੋਰ ਵੀ ਕਹਿਣਾ ਹੈ ਕਿ ਸਿੱਖ ਨੇਸ਼ਨ ਦੀ ਪੂਰੇ ਕੈਨੇਡਾ 'ਚ ਖ਼ੂਨਦਾਨ ਰਾਹੀਂ ਸਭ ਤੋਂ ਵੱਧ ਜਾਨਾਂ ਬਚਾਉਣ ਵਾਲੀ ਇਹ ਮੁਹਿੰਮ ਹੈ ਜੋ ਕਿ ਪੂਰੇ ਕੈਨੇਡਾ 'ਚ ਲੋੜਵੰਦਾਂ ਲਈ ਖ਼ੂਨ ਦਾ ਪ੍ਰਬੰਧ ਕਰਦੀ ਹੈ ਜਿਸਦੇ ਹਰ ਸਾਲ ਪੂਰੇ ਕੈਨੇਡਾ ਭਰ 'ਚ 30 ਦੇ ਕਰੀਬ ਕੈਂਪ ਲਗਦੇ ਹਨ, ਸੰਸਥਾ ਵਲੋਂ ਸਾਰੇ ਵਲੰਟੀਅਰਾਂ ਤੇ ਸਹਿਯੋਗੀਆਂ ਦਾ ਇਸ ਮੁਹਿੰਮ ਲਈ ਪੂਰਨ ਸਹਿਯੋਗ ਦੇਣ 'ਤੇ ਧੰਨਵਾਦ ਵੀ ਕੀਤਾ ਗਿਆ।*




ਸਿੱਖ ਨੇਸ਼ਨ ਸੰਸਥਾ ਵਲੋਂ 1984 ਦੀ ਸਿੱਖ ਨਸਲਕੁਸ਼ੀ ਦੀ ਯਾਦ 'ਚ ਲਗਾਏ ਕੈਂਪ 'ਚ ਖ਼ੂਨਦਾਨ ਕਰਦਾ ਹੋਇਆ ਇਕ ਸਿੰਘ।



ਸਮਾਗਮ 'ਚ ਕਲਾਕਾਰਾਂ ਰਾਹੀਂ ਪੇਸ਼ਕਾਰੀ ਦੀਆਂ ਝਲਕੀਆਂ।

## ਐਡੀਲੇਡ 'ਚ 'ਸ਼ਕਰਕੰਦੀ' ਨਾਟਕ ਨਾਲ ਪ੍ਰਸਿੱਧ ਕਲਾਕਾਰਾਂ ਨੇ ਬੰਨ੍ਹਿਆ ਰੰਗ

ਐਡੀਲੇਡ, 8 ਦਸੰਬਰ (ਗੁਰਮੀਤ ਸਿੰਘ ਵਾਲੀਆ)-ਐਡੀਲੇਡ ਸ਼ਕਰਕੰਦੀ ਨਾਟਕ ਪਾਰਕ ਥਿਏਟਰ, ਕਾਵਨ ਸਟਰੀਟ, ਐਂਗਲ ਪਾਰਕ 'ਚ ਕਲਾਕਾਰਾਂ ਨੇ ਅਦਾਕਾਰੀ ਰਾਹੀਂ ਖ਼ੂਬ ਰੰਗ ਬੰਨ੍ਹਿਆ। ਕਲਾਕਾਰਾਂ ਨੇ ਸ਼ਕਰਕੰਦੀ ਮਿਹਨਤਕਸ਼ ਨੂੰ ਮਿੱਠੀ ਤੇ ਵਪਾਰੀ ਵਰਗ ਨੂੰ ਸ਼ਕਰਕੰਦੀ ਕਿਵੇਂ ਲੱਗਦੀ ਹੈ, ਦਾ ਫਰਕ ਨਾਟਕ ਵੀ ਪੇਸ਼ਕਾਰੀ ਸਮੇਂ ਬਾਖ਼ੂਬੀ ਦਰਸਾਇਆ। ਨਾਟਕ 'ਚ ਸਮਾਜਿਕ ਸੋਚ ਦੀ ਪੇਸ਼ਕਾਰੀ ਨੂੰ ਹਾਸਰੰਗ ਤੇ ਵਿਅੰਗ ਆਤਮਿਕ ਢੰਗ ਨਾਲ ਕੀਤੀ ਗਈ ਪੇਸ਼ਕਾਰੀ ਵੇਖਣਯੋਗ ਰਹੀ। ਨਾਟਕ ਜਿਥੇ ਕਲਾਕਾਰਾਂ ਨੇ ਅਦਾਕਾਰੀ ਰਾਹੀਂ ਸਭਨਾ ਨੂੰ ਲੋਟ ਪੋਟ ਕੀਤਾ ਉੱਥੇ ਸਮਾਜਿਕ ਸੋਚ ਨੂੰ ਬਦਲਣ ਲਈ ਸੁਨੇਹਾ ਛੱਡਣ 'ਚ ਸਫਲ ਰਿਹਾ। ਨਾਟਕ 'ਚ ਨਿਸ਼ਾਂਤ ਤਿਵਾੜੀ ਨੇ ਸ਼ਕਰਕੰਦੀ ਵੇਚਣ ਵਾਲੇ ਕਿਰਦਾਰ ਨੂੰ ਬਿਹਤਰੀਨ ਅਦਾਕਾਰੀ ਰਾਹੀਂ ਤੇ ਡਾਕਟਰ ਅਫਜ਼ਲ ਮਹਿਮੂਦ ਨੇ ਪੋਸ਼ਤੀ, ਸੁਮਿਤ ਕੌਰ ਨੇ ਝੱਲੀ, ਸਰੂਪ ਸਿੰਘ ਜੌਹਲ ਨੇ ਫਕੀਰ ਤੇ ਮੌਲੀ ਜੌਹਲ ਨੇ ਵੰਗਾਂ ਵੇਚਣ ਵਾਲੀ ਵੰਣਜਾਰਣ ਸਮੇਤ ਸਭ ਕਲਾਕਾਰਾਂ ਨੇ ਆਪਣੇ ਕਿਰਦਾਰ ਦੀ ਵੱਖਰੀ ਛਾਪ ਦਰਸ਼ਕਾਂ ਦੇ ਮਨਾਂ ਚ ਛੱਡਣ ਚ ਸਫਲਤਾ ਹਾਸਿਲ ਕੀਤੀ। ਸ਼ੋਅ ਨੂੰ ਵੇਖਣ ਲਈ ਦਰਸ਼ਕਾਂ 'ਚ ਉਤਸੁਕਤਾ ਬਣੀ ਰਹੀ ਤੇ ਸਭਨਾ ਨੇ ਨਾਟਕ ਦਾ ਭਰਪੂਰ ਆਨੰਦ ਮਾਣਿਆ। ਪ੍ਰਸਿੱਧ ਕਲਾਕਾਰਾਂ ਨਿਸ਼ਾਂਤ ਤਿਵਾੜੀ, ਡਾਕਟਰ ਅਫਜਲ ਮਹਿਮੂਦ, ਲਬੀਬ ਅਹਿਮਦ, ਸਰੂਪ ਸਿੰਘ ਜੌਹਲ, ਅਡੀਲ ਸਾਦੀਕ, ਸੁਮਿਤ ਕੌਰ, ਇਤਿਸ਼ਾਮ ਯੂਸਫ, ਮੋਲੀ ਜੌਹਲ, ਅਸ਼ਰਫ ਖ਼ਾਨ, ਸੁਮਿਤ ਕੌਰ, ਅਨਾਹਤ ਤਿਵਾੜੀ, ਅਫਜਲ ਮਹਿਮੂਦ ਨੇ ਸਟੇਜ ਤੋਂ ਆਪਣੀ ਅਦਾਕਾਰੀ ਰਾਹੀਂ ਦਰਸ਼ਕਾਂ ਦਾ ਮਨ ਜਿੱਤਿਆ। ਸਮਾਗਮ ਹਿੰਦ-ਪਾਕਿ ਦੋਸਤੀ ਨੂੰ ਸਮਰਪਿਤ ਰਿਹਾ। ਪ੍ਰਬੰਧਕਾਂ ਵਲੋਂ ਪੰਜਾਬੀ ਤੇ ਅਹਿਮਦੀਆ ਭਾਈਚਾਰੇ ਸਮੇਤ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਜੀ ਆਇਆਂ ਆਖਦੇ ਹੋਏ ਧੰਨਵਾਦ ਕੀਤਾ।


